ਮੈਂ – – – ਸਾਹ ਲੈਂਦਾ
ਕੰਮ ਕਰਦਾ, ਜੀਊਂਦਾ, ਕਵਿਤਾ ਲਿਖਦਾ
(ਮੇਰੀ ਸਭ ਤੋਂ ਚੰਗੀ ਦੇਣ)
ਇੱਕ ਮੈਂ ਤੇ ਇੱਕ ਜ਼ਿੰਦਗੀ
ਇਕ ਦੂਜੇ ਨੂੰ ਘੂਰਦੇ
ਘੂਰਦੇ – – ਵੰਗਾਰਦੇ ।

ਖਹਿਬੜਦੇ ਹਾਂ ਦੋਵੇਂ
ਕਰਦੇ ਜ਼ੋਰਾਵਰੀਆਂ
ਉਸ ਦਾ ਡਾਢਾ ਤਗੜਾ ਇਕ ਫੌਲਾਦੀ ਪੰਜਾ
ਮੇਰੇ ਵੱਲ ਨੂੰ ਅਹੁਤੇ ਭਾਵੇਂ ਕਦੀ ਨਪੀੜੇ
ਅੰਗ ਮੇਰੇ ਨਾ ਹਾਰਦੇ
ਅਤੇ ਉਸ ਨੂੰ ਪਿਆਰਦੇ ।

ਭਾਵੇਂ ਇਕ ਦਿਨ ਕੋਈ
ਫਾਹੀਆਂ ਰੱਖੇ ਸਾਂਹਵੇਂ
ਘੁੱਟੇ, ਘੁੱਟ ਕੇ ਸੰਘੀ
ਤੇ ਫਿਰ ਪੁੱਛੇ ਹਾਲੇ
ਕੀ ਤੂੰ ਜੀਊਣਾ ਚਾਹਵੇਂ ?

ਤਾਂ ਵੀ ਮੈਂ ਮੁਸਕਾਵਾਂ
ਇਕ ਕਿਲਕਾਰੀ ਮਾਰਾਂ
"ਖੋਲ੍ਹ ਜ਼ਾਲਿਮ ਫੱਸੀ"